# ਪੰਗਾ

ਸੁੱਭਾ-ਸੁੱਭਾ ਇੱਕ ਹੋਰ ਪੰਗਾ ਹੋ ਗਿਆ,
ਤੇਰੇ ਨਉ ਤੇ ਇੱਕ ਹੋਰ ਦੰਗਾ ਹੋ ਗਿਆ ।

ਇੱਕ ਧੱਰਮੀ ਟੋਲਾ,
ਦੂਜੇ ਧੱਰਮੀ ਟੋਲੇ ਤੇ ਭਾਰੂ ਹੋ ਗਿਆ ।
ਕਈ ਬੇ ਕਸੂਰੇ ਮਾਰੇ ਗਏ,
ਖੂਨ ਖਰਾਬਾ ਵਾਹ-ਵਾਹ ਹੋ ਗਿਆ ।
ਕੋਈ ਕਹਿਦਾ ਬਹੁਤ ਮਾੜਾ ਹੋਇਆ,
ਕੋਈ ਕਹਿਦਾ ਬਹੁਤ ਚੰਗਾ ਹੋ ਗਿਆ ।

ਸੁਭਾ-ਸੁਭਾ ਇੱਕ ਹੋਰ ਪੰਗਾ ਹੋ ਗਿਆ,
ਤੇਰੇ ਨਉ ਤੇ ਇੱਕ ਹੋਰ ਦੰਗਾ ਹੋ ਗਿਆ ।

ਹਿੰਦੂ, ਮੁਸਲਿਮ, ਸਿੱਖ ਤੇ ਇਸਾਈ,
ਕਹਿੰਣ ਨੂੰ ਸਭ ਭਾਈ - ਭਾਈ ।
ਜਦੋ ਨਉ ਤੇਰਾ ਲੈਣ ਦੀ ਵਾਰੀ ਆਈ,
ਕੋਈ ਫਿਰੇ ਵਾਲ ਵਧਾਈ,
ਤੇ ਕੋਈ ਸਿਰ ਤੋ ਗੰਜਾ ਹੋ ਗਿਆ ।

ਸੁਭਾ-ਸੁਭਾ ਇੱਕ ਹੋਰ ਪੰਗਾ ਹੋ ਗਿਆ,
ਤੇਰੇ ਨਉ ਤੇ ਇੱਕ ਹੋਰ ਦੰਗਾ ਹੋ ਗਿਆ ।

ਇੱਕ ਪਖੰਡੀ ਬਾਬੇ ਨੇ,
ਤੇਰੇ ਨਉ ਦੀ ਸਮਾਧੀ ਲਾਈ ।
ਜਨਾਨੀਆ ਦੀ ਇਕ ਢਾਣੀ ਡੇਰੇ ਆਉਣ ਲਾਈ ।
ਮਾਇਆ ਇਕੱਠੀ ਕਰਕੇ ਗੋਗੜ ਸੀ ਵਧਾਈ ।
ਉਸ ਦਾ ਕਾਲਾ ਧੰਦਾ ਲੋਕਾ ਸਾਹਮਣੇ ਨੰਗਾ ਹੋ ਗਿਆ ।

ਸੁਭਾ-ਸੁਭਾ ਇੱਕ ਹੋਰ ਪੰਗਾ ਹੋ ਗਿਆ,
ਤੇਰੇ ਨਉ ਤੇ ਇੱਕ ਹੋਰ ਦੰਗਾ ਹੋ ਗਿਆ ।

ਜਦੋ ਵੀ ਵੋਟਾ ਦਾ ਅਲਾਣ ਹੋ ਗਿਆ,
ਤੇਰੇ ਨਉ ਤੇ ਲੀਡਰਾ ਦਾ ਚੋਣ ਨਿਸਾਨ ਹੋ ਗਿਆ ।
ਇਕ ਦਾ ਨਿਸਾਨ ਬਾਬਾ ਜੀ ਦਾ ਤਰਾਜੂ ਹੋ ਗਿਆ,
ਦੂਜੇ ਦਾ ਨਿਸਾਨ ਬਾਬਾ ਜੀ ਦਾ ਪੰਜਾ ਹੋ ਗਿਆ ।
ਵੋਟਰ ਕਿਧਰ ਜਾਵੇ ਸੋਚ-ਸੋਚ ਕੰਘਾ ਹੋ ਗਿਆ ।

ਸੁਭਾ-ਸੁਭਾ ਇੱਕ ਹੋਰ ਪੰਗਾ ਹੋ ਗਿਆ,
ਤੇਰੇ ਨਉ ਤੇ ਇੱਕ ਹੋਰ ਦੰਗਾ ਹੋ ਗਿਆ ।

ਪਹਿਲਾ ਤੂੰ ਇਹ ਦੁਨੀਆ ਬਣਾਈ,
ਫਿਰ ਤੂੰ ਦੁਨੀਆ ਭੱਬਲ-ਭੂਸੇ ਵਿੱਚ ਪਾਈ।
ਤੇਰੀ ਲੀਲਾ ਸਮਜ ਕਿਸੇ ਨੂੰ ਨਹੀ ਆਈ,
ਸਾਡੇ ਨਾਲ ਕਿਉ ਖੇਲੇ ਤੂੰ ਇਹ ਲੁਕਮ ਲੁਕਾਈ,
Sarjinder ਕੀ ਸਾਥੋ ਤੇਰਾ ਮੰਦਾ ਹੋ ਗਿਆ ।

ਸੁਭਾ-ਸੁਭਾ ਇੱਕ ਹੋਰ ਪੰਗਾ ਹੋ ਗਿਆ,
ਤੇਰੇ ਨਉ ਤੇ ਇੱਕ ਹੋਰ ਦੰਗਾ ਹੋ ਗਿਆ ।

Archived at: www.geocities.com/new_punjabi_songs
Written by: Dr. Sarjinder Singh, Assistant Professor, St. Cloud State University, St. Cloud, MN, USA
Note: All opinions are of author’s own.